ਸਮਾਗਮ ਸਬੰਧੀ ਕਾਰਡ ਜਾਰੀ ਕਰਦੇ ਮੈਡੀਕਲ ਸੁਪਰਡੈਂਟ ਡਾ. ਰਾਜੀਵ ਕੁੰਦਰਾ, ਨਾਲ ਬਲਿਹਾਰ ਸਿੰਘ ਵਿਰਕ, ਲਖਵੀਰ ਸਿੰਘ ਬੱਦੋਵਾਲ ਤੇ ਹੋਰ। ਅਜੀਤ ਤਸਵੀਰ

29ਵਾਂ ਲੋਹੜੀ ਮੇਲਾ ਅਤੇ ਮੁਫ਼ਤ ਡਾਕਟਰੀ ਕੈਂਪ 8 ਨੂੰ

ਲੁਧਿਆਣਾ, 3 ਜਨਵਰੀ (ਸਲੇਮਪੁਰੀ)- ਐਸ.ਪੀ.ਐਸ. ਹਸਪਤਾਲ ਲੁਧਿਆਣਾ ਅਤੇ ਜਰਨੈਲ ਹਰੀ ਸਿੰਘ ਨਲੂਆ ਕਲਚਰਲ ਐਂਡ ਵੈੱਲਫੇਅਰ ਸੰਸਥਾ ਵਲੋਂ ਮਿਲ ਕੇ 8 ਜਨਵਰੀ ਨੂੰ 29ਵਾਂ ਲੋਹੜੀ ਮੇਲਾ ਤੇ ਮੁਫਤ ਡਾਕਟਰੀ ਜਾਂਚ ਕੈਂਪ ਲਗਾਇਆ ਜਾ ਰਿਹਾ ਹੈ। ਸੰਸਥਾ ਦੇ ਮੁੱਖ ਪ੍ਰਬੰਧਕ ਇੰਸਪੈਕਟਰ ਪ੍ਰੇਮ ਸਿੰਘ ਭੰਗੂ, ਪ੍ਰਧਾਨ ਲਖਵੀਰ ਸਿੰਘ ਬੱਦੋਵਾਲ ਅਤੇ ਜਨਰਲ ਸਕੱਤਰ ਜਗਜੀਤ ਸਿੰਘ ਜੱਲਾ ਨੇ ਦੱਸਿਆ ਕਿ ਉਕਤ ਸਮਾਗਮ ਐਸ.ਪੀ.ਐਸ. ਹਸਪਤਾਲ ਦੇ ਮੈੱਡ ਸੈਂਟਰ ਪੱਖੋਵਾਲ ਰੋਡ ਵਿਖੇ ਸੈਂਟਰ ਦੇ ਸੀ.ਓ. ਡਾ ਕੰਵਲਜੀਤ ਸਿੰਘ ਦੇ ਸਹਿਯੋਗ ਨਾਲ ਕਰਵਾਇਆ ਜਾਵੇਗਾ। ਸਮਾਗਮ ਦਾ ਉਦਘਾਟਨ ਹਰਮਨਜੀਤ ਸਿੰਘ ਨਵਯੁੱਗ ਵਾਲੇ ਕਰਨਗੇ, ਜਦਕਿ ਇਸ ਮੌਕੇ ਇੰਜੀਨੀਅਰ ਮਹਿਲ ਗਿੱਲ ਅਤੇ ਹਰਵੀਰ ਕੌਰ ਗਿੱਲ 21 ਲੜਕੀਆਂ ਨੂੰ ਲੋਹੜੀ ਦੇਣਗੇ। ਉਕਤ ਸੰਸਥਾਵਾਂ ਵਲੋਂ ਅੱਜ ਸਮਾਗਮ ਦਾ ਕਾਰਡ ਜਾਰੀ ਕੀਤਾ ਗਿਆ। ਇਸ ਮੌਕੇ ਬਲਿਹਾਰ ਸਿੰਘ ਵਿਰਕ, ਰਾਜੇਸ਼ ਗੰਭੀਰ, ਸਤਨਾਮ ਸਿੰਘ, ਵਿਕਾਸ ਓਨੀਅਲ, ਪ੍ਰਭਜੋਤ ਸਿੰਘ ਅਤੇ ਡਾ ਸੰਜੀਵ ਵੀ ਹਾਜ਼ਰ ਸਨ।

ਚੇਅਰਮੈਨ ਆਈ. ਐਮ. ਐੱਸ. ਐਮ. ਈ. ਆਫ਼ ਇੰਡੀਆ ਵਲੋਂ ਫਿਕੋ ਦੀ ਨਵੀਂ ਟੀਮ ਦਾ ਐਲਾਨ

ਸੇਠ ਚੇਅਰਮੈਨ, ਕੁਲਾਰ ਪ੍ਰਧਾਨ, ਸੋਂਧ, ਮਿੱਤਲ ਕੋ-ਚੇਅਰਮੈਨ, ਸਚਦੇਵਾ ਸੀਨੀਅਰ ਮੀਤ ਪ੍ਰਧਾਨ ਬਣੇ

ਲੁਧਿਆਣਾ, 3 ਜਨਵਰੀ (ਪੁਨੀਤ ਬਾਵਾ)-ਚੇਅਰਮੈਨ ਆਈ. ਐਮ. ਐਸ. ਐਮ. ਈ. ਆਫ਼ ਇੰਡੀਆ ਤੇ ਮਾਰਗ ਦਰਸ਼ਕ ਫਿਕੋ ਵਲੋਂ ਸਾਲ 2022 ਲਈ ਫੈਡਰੇਸ਼ਨ ਆਫ਼ ਇੰਡਸਟਰੀਅਲ ਐਂਡ ਕਮਰਸ਼ੀਅਲ ਆਰਗੇਨਾਈਜੇਸ਼ਨ (ਫਿਕੋ) ਦੀ ਨਵੀਂ ਟੀਮ ਦਾ ਐਲਾਨ ਕੀਤਾ ਹੈ। ਨਵੀਂ ਟੀਮ ਵਿਚ ਕੇ.ਕੇ. ਸੇਠ ਨੂੰ ਮੁੜ ਤੋਂ ਮੁੱਖ ਸਰਪ੍ਰਸਤ ਤੇ ਚੇਅਰਮੈਨ, ਗੁਰਮੀਤ ਸਿੰਘ ਕੁਲਾਰ ਨੂੰ ਪ੍ਰਧਾਨ, ਹਰਜੀਤ ਸਿੰਘ ਸੌਂਦ ਤੇ ਵਿਪਨ ਮਿੱਤਲ ਨੂੰ ਕੋ ਚੇਅਰਮੈਨ ਅਤੇ ਮਨਜਿੰਦਰ ਸਿੰਘ ਸਚਦੇਵਾ ਨੂੰ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਸ੍ਰੀ ਚਾਵਲਾ ਵਲੋਂ ਜਾਰੀ ਸੂਚੀ ਅਨੁਸਾਰ ਬਲਦੇਵ ਸਿੰਘ ਅਮਰ ਮੀਤ ਪ੍ਰਧਾਨ, ਰਾਜੀਵ ਜੈਨ ਜਨਰਲ ਸਕੱਤਰ, ਦਿਨੇਸ਼ ਸਿੰਘ ਭੋਗਲ ਸਕੱਤਰ, ਜਗਤਵੀਰ ਸਿੰਘ ਸੰਯੁਕਤ ਸਕੱਤਰ, ਸਤਨਾਮ ਸਿੰਘ ਮੱਕੜ ਪ੍ਰਚਾਰ ਸਕੱਤਰ ਅਸ਼ਪ੍ਰੀਤ ਸਿੰਘ ਸਾਹਨੀ ਪ੍ਰਬੰਧਕੀ ਸਕੱਤਰ, ਬਲਬੀਰ ਸਿੰਘ ਮਾਣਕੂ ਵਿੱਤ ਸਕੱਤਰ, ਹਰਪਾਲ ਸਿੰਘ ਭੰਬਰ ਮੁਖੀ ਸਾਈਕਲ ਡਵੀਜ਼ਨ, ਦਿਨੇਸ਼ ਗੋਇਲ ਮੁਖੀ ਦਿੱਲੀ ਡਿਵੀਜ਼ਨ, ਰਣਜੋਧ ਸਿੰਘ ਮੁਖੀ ਐਜੂਕੇਸ਼ਨ ਡਿਵੀਜ਼ਨ, ਸੰਦੀਪ ਚੌਧਰੀ ਮੁਖੀ ਐਕਸਪੋਰਟ ਇੰਪੋਰਟ ਡਿਵੀਜ਼ਨ, ਲਲਿਤ ਗੋਇਲ ਮੁਖੀ ਫਾਸਟਨਰ ਡਿਵੀਜ਼ਨ, ਜੈ ਢੀਂਗਰਾ ਮੁਖੀ ਫੂਡ ਡਿਵੀਜ਼ਨ, ਗੌਰਵ ਸਹਿਗਲ ਮੁਖੀ ਹੈਂਡ ਟੂਲ ਡਿਵੀਜ਼ਨ, ਨਵੀਨ ਬਾਮਾ ਮੁਖੀ ਆਈ.ਟੀ. ਡਿਵੀਜ਼ਨ, ਸੁਖਦਿਆਲ ਸਿੰਘ ਬਸੰਤ ਮੁਖੀ ਮਸ਼ੀਨ ਟੂਲਜ਼ ਡਿਵੀਜ਼ਨ, ਤਰਸੇਮ ਲਾਲ ਥਾਪਰ ਮੁਖੀ ਮਾਲੇਰਕੋਟਲਾ ਡਵੀਜ਼ਨ, ਜਸਵਿੰਦਰ ਸਿੰਘ ਮਠਾੜੂ ਮੁਖੀ ਮੰਡੀ ਗੋਬਿੰਦਗੜ੍ਹ ਡਿਵੀਜ਼ਨ, ਬਲਦੀਪ ਸਿੰਘ ਮੁਖੀ ਮੈਡੀਕਲ ਡਵੀਜ਼ਨ, ਡਾ.ਮਨਕਰ ਗਰਗ ਮੁਖੀ ਪਲਾਸਟਿਕ ਡਿਵੀਜ਼ਨ, ਰਘਬੀਰ ਸਿੰਘ ਸੋਹਲ ਮੁਖੀ ਪਲਾਈਵੁੱਡ ਡਿਵੀਜ਼ਨ, ਗੁਰਮੁਖ ਸਿੰਘ ਰੁਪਾਲ ਮੁਖੀ ਸਿਲਾਈ ਮਸ਼ੀਨ ਡਿਵੀਜ਼ਨ, ਅਜੀਤ ਲਾਕੜਾ ਮੁਖੀ ਟੈਕਸਟਾਈਲ ਡਿਵੀਜ਼ਨ, ਜਸਵਿੰਦਰ ਸਿੰਘ ਭੋਗਲ ਮੁਖੀ ਟਰੈਕਟਰ ਡਵੀਜ਼ਨ, ਗੁਰਵਿੰਦਰ ਸਿੰਘ ਸਚਦੇਵਾ ਮੁਖੀ ਟਰੇਡ ਡਵੀਜ਼ਨ, ਸੁਸ਼ੀਲ ਅਰੋੜਾ ਮੁਖੀ ਟਰੇਨਿੰਗ ਡਿਵੀਜ਼ਨ ਅਤੇ ਜਪਨੀਤ ਸਿੰਘ ਮੁਖੀ ਨੌਜਵਾਨ ਆਗੂ ਫੋਰਮ ਫਿਕੋ ਨਿਯੁਕਤ ਕੀਤੇ ਗਏ ਹਨ।

ਫਿਕੋ ਦੇ ਚੇਅਰਮੈਨ ਤੇ ਮੁੱਖ ਸਰਪ੍ਰਸਤ ਕੇ.ਕੇ. ਸੇਠ, ਪ੍ਰਧਾਨ ਗੁਰਮੀਤ ਸਿੰਘ ਕੁਲਾਰ, ਕੋ ਚੇਅਰਮੈਨ ਹਰਜੀਤ ਸਿੰਘ ਸੌਂਧ, ਕੋ ਚੇਅਰਮੈਨ ਵਿਪਨ ਮਿੱਤਲ, ਸੀਨੀਅਰ ਮੀਤ ਪ੍ਰਧਾਨ ਮਨਜਿੰਦਰ ਸਿੰਘ ਸਚਦੇਵਾ।

ਗੁਰਮਤਿ ਸਮਾਗਮ ਦੌਰਾਨ ਕੀਰਤਨ ਕਰਦਾ ਰਾਗੀ ਜਥਾ ਅਤੇ (ਹੇਠਾਂ) ਸੰਗਤਾ 'ਚ ਗੁਰੂਘਰ ਦੇ ਪ੍ਰਧਾਨ ਇੰਦਰਜੀਤ ਸਿੰਘ ਮੱਕੜ ਤੇ ਹੋਰ ਸੰਗਤ ਦੀ ਹਾਜ਼ਰੀ। ਤਸਵੀਰਾਂ-ਹਰਿੰਦਰ ਸਿੰਘ ਕਾਕਾ

ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ ਦੀ ਆਮਦ ਨੂੰ ਸਮਰਪਿਤ ਗੁਰਮਤਿ ਸਮਾਗਮ

ਲੁਧਿਆਣਾ, 3 ਜਨਵਰੀ (ਕਵਿਤਾ ਖੁੱਲਰ)- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਨੀਆ ਦੇ ਇਤਿਹਾਸ ਅੰਦਰ ਇਕ ਮਹਾਨ ਇਨਕਲਾਬੀ ਯੋਧੇ ਹੋਏ ਹਨ, ਜਿਨ੍ਹਾਂ ਨੇ ਸਦੀਆਂ ਤੋਂ ਜਬਰ ਜ਼ੁਲਮ ਦੀਆਂ ਸੱਟਾਂ ਨਾਲ ਮਿੱਧੇ-ਮਧੋਲੇ ਹਿੰਦੁਸਤਾਨੀ ਸਮਾਜ ਵਿਚ ਨਵੀਂ ਰੂਹ ਫੂਕੀ ਅਤੇ ਲੋਕਾਂ ਦੇ ਮਨਾਂ 'ਚੋਂ ਹਕੂਮਤੀ ਜਬਰ ਦੇ ਸਹਿਮ ਨੂੰ ਦੂਰ ਕਰਨ ਲਈ ਤਿਆਰ-ਬਰ-ਤਿਆਰ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ। ਇਹ ਪ੍ਰਗਟਾਵਾ ਮਾਡਲ ਟਾਊਨ ਐਕਸਟੈਨਸ਼ਨ ਵੈੱਲਫੇਅਰ ਸੁਸਾਇਟੀ ਬਲਾਕ-ਏ ਦੇ ਪ੍ਰਧਾਨ ਚਰਨਜੀਤ ਸਿੰਘ ਛਾਬੜਾ ਨੇ ਸੁਸਾਇਟੀ ਵਲੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੇ ਨਵੇਂ ਸਾਲ ਦੀ ਆਮਦ ਨੂੰ ਸਮਰਪਿਤ ਗੁਰਮਤਿ ਸਮਾਗਮ 'ਚ ਨਤਮਸਤਕ ਹੋਈਆਂ ਮੁੱਖ ਰਾਜਨੀਤਕ, ਧਾਰਮਿਕ, ਸਮਾਜਿਕ ਸ਼ਖਸ਼ੀਅਤਾਂ ਤੇ ਇਲਾਕੇ ਦੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ। ਇਸ ਤੋਂ ਪਹਿਲਾਂ ਗੁਰਮਤਿ ਸਮਾਗਮ 'ਚ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਸੁਖਦੇਵ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਸਮਾਗਮ 'ਚ ਪੰਜਾਬ ਦੇ ਕੈਬਨਿਟ ਮੰਤਰੀ ਭਰਤ ਭੂਸ਼ਣ ਆਸ਼ੂ, ਕੁਲਵੰਤ ਸਿੰਘ ਸਿੱਧੂ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਦੇ ਪ੍ਰਧਾਨ ਇੰਦਰਜੀਤ ਸਿੰਘ ਮੱਕੜ, ਕੌਂਸਲਰ ਮਮਤਾ ਆਸ਼ੂ, ਕੌਂਸਲਰ ਕੁਲਵਿੰਦਰ ਕੌਰ, ਰਣਜੀਤ ਸਿੰਘ ਦਾਰਾ ਬੱਬਰ ਸਮੇਤ ਕਈ ਮੁੱਖ ਵਿਅਕਤੀਆਂ ਨੇ ਉਚੇਚੇ ਤੌਰ 'ਤੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਸਮਾਗਮ ਦੀ ਸਮਾਪਤੀ ਮੌਕੇ ਵੈਲਫੇਅਰ ਸੁਸਾਇਟੀ ਦੇ ਮੁੱਖ ਅਹੁਦੇਦਾਰਾਂ ਗੁਰਦੀਪ ਸਿੰਘ ਬੱਤਰਾ, ਸੁਰਿੰਦਰਪਾਲ ਸਿੰਘ ਭੁਟੀਆਨੀ, ਗੁਰਦੀਪ ਸਿੰਘ ਡੀਮਾਰਟੇ ਨੇ ਸਮੂਹ ਸੰਗਤ ਦਾ ਧੰਨਵਾਦ ਕੀਤਾ। ਇਸ ਸਮੇਂ ਉਨ੍ਹਾਂ ਦੇ ਨਾਲ ਨਰਿੰਦਰਪਾਲ ਸਿੰਘ ਕਥੂਰੀਆ, ਅਮਰੀਕ ਸਿੰਘ ਬੱਤਰਾ, ਰਮੇਸ਼ ਸਾਹਨੀ, ਤੇਜਵਿੰਦਰ ਸਿੰਘ ਬਿਗ ਬੈਨ, ਅਮਰਜੀਤ ਸਿੰਘ ਬਜਾਜ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਮੁੱਖ ਰਾਜਨੀਤਕ, ਧਾਰਮਿਕ ਤੇ ਸਮਾਜਿਕ ਸ਼ਖਸ਼ੀਅਤਾਂ ਹੋਈਆਂ ਨਤਮਸਤਕ

ਲਾਡੋਵਾਲ ਵਿਖੇ ਸਾਬਕਾ ਵਿਧਾਇਕ ਦਰਸ਼ਨ ਸਿੰਘ ਸ਼ਿਵਾਲਿਕ ਜਥੇਦਾਰ ਅਮਰਜੀਤ ਸਿੰਘ ਬਾੜੇਵਾਲ ਨੂੰ ਪੀ.ਏ.ਸੀ. ਦੀ ਕਮੇਟੀ ਮੈਂਬਰ ਦਾ ਨਿਯੁਕਤੀ ਪੱਤਰ ਭੇਟ ਕਰਦੇ ਹੋਏ, ਨਾਲ ਗੁਰਜੰਟ ਸਿੰਘ ਲਾਡੋਵਾਲ ਅਤੇ ਹੋਰ ਹਾਜ਼ਰੀਨ। ਤਸਵੀਰ-ਬਲਬੀਰ ਸਿੰਘ ਰਾਣਾ

ਜਥੇਦਾਰ ਬਾੜੇਵਾਲ ਅਕਾਲੀ ਦਲ ਦੀ ਰਾਜਸੀ ਮਾਮਲਿਆਂ ਦੇ ਕਮੇਟੀ ਮੈਂਬਰ ਨਿਯੁਕਤ

ਲਾਡੋਵਾਲ, 3 ਜਨਵਰੀ (ਬਲਬੀਰ ਸਿੰਘ ਰਾਣਾ)-ਵਿਧਾਨ ਸਭਾ ਹਲਕਾ ਗਿੱਲ ਦੇ ਸਾਬਕਾ ਵਿਧਾਇਕ ਦਰਸ਼ਨ ਸਿੰਘ ਸ਼ਿਵਾਲਿਕ ਦੇ ਯਤਨਾਂ ਸਦਕਾ ਸ਼੍ਰੋਮਣੀ ਅਕਾਲੀ ਦਲ ਦੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਿਰਦੇਸ਼ਾਂ ਅਨੁਸਾਰ ਸੀਨੀਅਰ ਅਕਾਲੀ ਆਗੂ ਅਤੇ ਅਕਾਲੀ ਦਲ ਦੇ ਮੁੱਖ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਵਲੋਂ ਰਾਜਸੀ ਮਾਮਲਿਆਂ ਦੀ ਕਮੇਟੀ (ਪੀ.ਏ.ਸੀ) ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਕਸਬਾ ਲਾਡੋਵਾਲ ਦੇ ਸੀਨੀਅਰ ਅਕਾਲੀ ਆਗੂ ਗੁਰਜੰਟ ਸਿੰਘ ਲਾਡੋਵਾਲ ਦੇ ਗ੍ਰਹਿ ਵਿਖੇ ਰੱਖੀ ਇਕ ਮੀਟਿੰਗ ਦੌਰਾਨ ਸਾਬਕਾ ਵਿਧਾਇਕ ਦਰਸ਼ਨ ਸਿੰਘ ਸ਼ਿਵਾਲਿਕ ਨੇ ਜਥੇਦਾਰ ਅਮਰਜੀਤ ਸਿੰਘ ਬਾੜੇਵਾਲ ਨੂੰ ਨਿਯੁਕਤੀ ਪੱਤਰ ਭੇਟ ਕਰਦਿਆਂ ਕਿਹਾ ਕਿ ਪਾਰਟੀ ਹਾਈਕਮਾਨ ਨੇ ਜਥੇਦਾਰ ਬਾੜੇਵਾਲ ਨੂੰ ਰਾਜਸੀ ਮਾਮਲਿਆਂ ਦੀ ਕਮੇਟੀ ਦਾ ਮੈਂਬਰ ਲੈ ਕੇ ਹਲਕਾ ਬੇਟ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਬੇਟ ਇਲਾਕੇ ਦੇ ਸਮੂਹ ਅਕਾਲੀ ਵਰਕਰਾਂ ਨੇ ਜਥੇਦਾਰ ਬਾੜੇਵਾਲ ਨੂੰ ਵਧਾਈ ਦਿੱਤੀ। ਇਸ ਮੌਕੇ ਲਾਡੋਵਾਲ ਸਰਕਲ ਪ੍ਰਧਾਨ ਮਨਜਿੰਦਰ ਸਿੰਘ ਲਾਡੋਵਾਲ, ਪ੍ਰਧਾਨ ਗੁਰਜੰਟ ਸਿੰਘ ਲਾਡੋਵਾਲ, ਗੁਰਮਿੰਦਰ ਸਿੰਘ ਕੁਤਬੇਵਾਲ, ਇਕਬਾਲ ਸਿੰਘ ਮੰਝਫੱਗੂਵਾਲ, ਨੰਬਰਦਾਰ ਅਮਰਜੀਤ ਸਿੰਘ, ਸਰਪੰਚ ਮਨਜੀਤ ਸਿੰਘ, ਨਰੰਜਨ ਸਿੰਘ, ਬੰਟੀ ਬਾਜਵਾ, ਸੋਹਨ ਸਿੰਘ ਲਾਡੋਵਾਲ, ਪ੍ਰਧਾਨ ਭੂਸ਼ਨ ਲਾਲ, ਸ਼ਰਨਜੀਤ ਸਿੰਘ ਰਾਣਾ ਗਰੇਵਾਲ, ਹਰਦੇਵ ਸਿੰਘ, ਹੰਸਰਾਜ ਸਿੰਘ ਤਲਵੰਡੀ, ਅਸ਼ੋਕ ਕੁਮਾਰ ਸਿੰਘ, ਚਰਨਜੀਤ ਸਿੰਘ ਮੰਗੀ, ਰਾਜੂ ਪੀਸੀਓ ਵਾਲਾ ਅਤੇ ਬੀਬੀ ਮਿਨਾਕਸ਼ੀ ਗਾਦੜਾ ਪ੍ਰਧਾਨ ਬੀ.ਸੀ. ਵਿੰਗ ਸਰਕਲ ਲਾਡੋਵਾਲ ਆਦਿ ਹਾਜ਼ਰ ਸਨ।

ਦਾਜ ਖਾਤਰ ਖ਼ੁਦਕੁਸ਼ੀ ਲਈ ਮਜਬੂਰ ਕਰਨ ਵਾਲੇ ਪਤੀ ਤੇ ਜੇਠ ਖ਼ਿਲਾਫ਼ ਕੇਸ ਦਰਜ

ਲੁਧਿਆਣਾ, 3 ਜਨਵਰੀ (ਪਰਮਿੰਦਰ ਸਿੰਘ ਆਹੂਜਾ)- ਸਥਾਨਕ ਮੋਤੀ ਨਗਰ ਵਿਚ ਦਾਜ ਖਾਤਰ ਵਿਆਹੁਤਾ ਨੂੰ ਖ਼ੁਦਕੁਸ਼ੀ ਲਈ ਮਜ਼ਬੂਰ ਕਰਨ ਵਾਲੇ ਪਤੀ ਅਤੇ ਜੇਠ ਖ਼ਿਲਾਫ਼ ਪੁਲਿਸ ਨੇ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਮ੍ਰਿਤਕਾ ਦੀ ਸ਼ਨਾਖਤ ਖੁਸ਼ੀ (24) ਵਜੋਂ ਕੀਤੀ ਗਈ ਹੈ। ਖ਼ੁਸ਼ੀ ਦਾ ਵਿਆਹ ਦੋ ਸਾਲ ਪਹਿਲਾਂ ਮੋਤੀ ਨਗਰ ਨੇੜੇ ਰਹਿਣ ਵਾਲੇ ਗਗਨ ਕੁਮਾਰ ਨਾਲ ਹੋਇਆ ਸੀ। ਮ੍ਰਿਤਕਾ ਦੇ ਪਰਿਵਾਰ ਦਾ ਕਹਿਣਾ ਸੀ ਕਿ ਵਿਆਹ ਤੋਂ ਕੁਝ ਸਮੇਂ ਬਾਅਦ ਗਗਨ ਅਤੇ ਉਸ ਦੇ ਪਰਿਵਾਰ ਦੇ ਮੈਂਬਰ ਉਸ ਨੂੰ ਦਾਜ ਖਾਤਰ ਤੰਗ ਪ੍ਰੇਸ਼ਾਨ ਕਰਨ ਲੱਗ ਪਏ ਸਨ ਤੇ ਅਕਸਰ ਉਸ ਦੀ ਕੁੱਟਮਾਰ ਕਰਦੇ ਸਨ। ਲੜਕੀ ਦੀ ਮਾਂ ਰਜਨੀ ਸ਼ਰਮਾ ਨੇ ਦੱਸਿਆ ਕਿ ਕਈ ਵਾਰ ਪੰਚਾਇਤੀ ਰਾਜ਼ੀਨਾਮਾ ਵੀ ਹੋਇਆ, ਪਰ ਕਥਿਤ ਦੋਸ਼ੀਆਂ ਵਲੋਂ ਲੜਕੀ ਨੂੰ ਤੰਗ ਪ੍ਰੇਸ਼ਾਨ ਕਰਨਾ ਜਾਰੀ ਰੱਖਿਆ। ਉਸ ਦੱਸਿਆ ਕਿ ਦੁਖੀ ਹੋ ਕੇ ਲੜਕੀ ਵਲੋਂ ਖੁਦਕੁਸ਼ੀ ਕਰ ਲਈ। ਸੂਚਨਾ ਮਿਲਦਿਆਂ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚੇ। ਜਾਂਚ ਕਰ ਰਹੇ ਅਧਿਕਾਰੀ ਐਸ.ਐੱਚ.ਓ. ਰਾਜਿੰਦਰ ਨੇ ਦੱਸਿਆ ਕਿ ਪੁਲਿਸ ਵਲੋਂ ਲਾਸ਼ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤੀ ਹੈ। ਹਾਲ ਦੀ ਘੜੀ ਪੁਲਿਸ ਨੇ ਮ੍ਰਿਤਕ ਲੜਕੀ ਦੇ ਪਤੀ ਤੇ ਜੇਠ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਕਥਿਤ ਦੋਸ਼ੀ ਅਜੇ ਫ਼ਰਾਰ ਹਨ ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਜੇਕਰ ਕੋਈ ਹੋਰ ਦੋਸ਼ੀ ਪਾਇਆ ਗਿਆ ਤਾਂ ਉਸ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।

ਹੋਟਲ ਮਾਲਕਾਂ ਖ਼ਿਲਾਫ਼ ਕੇਸ ਦਰਜ

ਲੁਧਿਆਣਾ, 3 ਜਨਵਰੀ (ਪਰਮਿੰਦਰ ਸਿੰਘ ਆਹੂਜਾ)-ਥਾਣਾ ਡਿਵੀਜ਼ਨ ਨੰਬਰ-5 ਦੀ ਪੁਲਿਸ ਨੇ ਦੇਹ ਵਪਾਰ ਦਾ ਧੰਦਾ ਕਰਵਾਉਣ ਵਾਲੇ ਹੋਟਲ ਮਾਲਕਾਂ ਖ਼ਿਲਾਫ਼ ਵੱਖ ਵੱਖ ਧਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਪੁਲਿਸ ਵਲੋਂ ਇਸ ਮਾਮਲੇ ਵਿਚ ਕਿੰਗ ਹੋਟਲ ਆਰ ਜ਼ੀ ਹੋਟਲ ਆਰਜ਼ੀ ਟੂ ਹੋਟਲ ਅਤੇ ਹੋਰ ਹੋਟਲ ਮਾਲਕਾਂ ਖ਼ਿਲਾਫ਼ ਇਹ ਕਾਰਵਾਈ ਕੀਤੀ ਹੈ। ਪੁਲਿਸ ਅਨੁਸਾਰ ਬੀਤੇ ਦਿਨੀਂ ਫੇਸਬੁੱਕ 'ਤੇ ਇਕ ਵੀਡੀਓ ਅਪਲੋਡ ਕੀਤੀ ਗਈ ਸੀ ਜਿਸ ਵਿਚ ਹੋਟਲਾਂ ਵਿਚ ਹੋ ਰਹੇ ਦੇਹ ਵਪਾਰ ਦੇ ਧੰਦੇ ਬਾਰੇ ਖੁਲਾਸਾ ਕੀਤਾ ਗਿਆ ਸੀ। ਪੁਲਿਸ ਵਲੋਂ ਇਸ ਆਧਾਰ 'ਤੇ ਕੇਸ ਦਰਜ ਕਰ ਲਿਆ ਗਿਆ ਹੈ, ਪਰ ਹਾਲ ਦੀ ਘੜੀ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ ਹੈ। ਜਾਂਚ ਅਧਿਕਾਰੀ ਗੁਰਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਪੁਲਿਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਾਂਚ ਉਪਰੰਤ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।

Tantia University
(Established by State Government Act 32 of 2013 u/s 2 (f) of UGC Act 1956)
SRI GANGANAGAR (RAJASTHAN)
Excellence Innovation Achievement
MEDICAL SCIENCE M.B.B.S.
VETERINARY SCIENCE B.V.Sc. & A.H.
AYURVEDA BAMS, M.D. (Ayurveda)
HOMOEOPATHY BHMS, M.D. (Homoeopathy)
*Admission For NEET Qualified & As Per Govt. Norms
-: OTHER COURSES :-
♦ M.Sc. Nursing ♦ B.Sc. Nursing ♦ Post Basic B.Sc. Nursing ♦ BPT ♦ MPT ♦ D.Pharmacy ♦ Ayurvedic Nursing ♦ BA LLB ♦ LLB ♦ LLM ♦ MA ♦ M.Ed. ♦ AHDP ♦ Ph.D
0154-2494125 | 94140-93087 | 94140-93083 | 94140-93082
TOLL FREE : 1800 123 1981
Email : admission@tantiauniversity.com | Visit us on : www.tantiauniversity.com

ਨਾਬਾਲਗ ਲੜਕੇ ਨੇ ਕੀਤੀ ਖੁਦਕੁਸ਼ੀ

ਲੁਧਿਆਣਾ, 3 ਜਨਵਰੀ (ਪਰਮਿੰਦਰ ਸਿੰਘ ਆਹੂਜਾ)- ਸਥਾਨਕ ਡਾਬਾ ਦੇ ਇਲਾਕੇ ਮਾਨ ਸਿੰਘ ਨਗਰ ਵਿਚ ਇਕ 14 ਸਾਲ ਦੇ ਲੜਕੇ ਵਲੋਂ ਫਾਹਾ ਲਗਾ ਕੇ ਖੁਦਕੁਸ਼ੀ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਦੀ ਸ਼ਨਾਖ਼ਤ ਸੰਦੀਪ ਤਿਵਾਰੀ ਵਜੋਂ ਕੀਤੀ ਗਈ ਹੈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਸੰਦੀਪ ਦਾ ਪਿਤਾ ਸੁਮਨ ਫੈਕਟਰੀ ਵਿਚ ਮਜ਼ਦੂਰੀ ਕਰਦਾ ਹੈ ਅਤੇ ਉਸ ਦੇ ਦੋ ਬੱਚੇ ਹਨ। ਪੁਲਿਸ ਪਾਸ ਦਿੱਤੇ ਬਿਆਨਾਂ ਵਿਚ ਸੁਮਨ ਨੇ ਦੱਸਿਆ ਕਿ ਇਕ ਸਾਲ ਪਹਿਲਾਂ ਸੰਦੀਪ ਦੀ ਮਾਂ ਘਰ ਛੱਡ ਕੇ ਆਪਣੇ ਪੇਕੇ ਚਲੀ ਗਈ ਸੀ,